लोहड़ी दा दिन आया

ਭਾਗਾਂ/ਕਰਮਾਂ ਵਾਲਿਆਂ ਨੂੰ, ਲੋਹੜੀ ਦਾ ਦਿਨ ਆਇਆ ॥

ਮੁੰਡੇ ਕੁੜੀਆਂ ਬੰਨ੍ਹ ਬੰਨ੍ਹ ਟੋਲੇ, ਲੋਹੜੀ ਮੰਗਣ ਆਉਂਦੇ ।
ਸੁੰਦਰ ਮੁੰਦਰੀਏ ਹੋ ਹੋ ਕਹਿ ਕੇ, ਗੀਤ ਲੋਹੜੀ ਦੇ ਗਾਉਂਦੇ ॥
*ਸਭ ਨੇ ਗਾਏ ਗੀਤ ਲੋਹੜੀ ਦੇ, ਗੁੱਸਾ ਗਿਲਾ ਭੁਲਾਇਆ,,,
ਭਾਗਾਂ/ਕਰਮਾਂ ਵਾਲਿਆਂ ਨੂੰ,,,,,,,,,,,,,,,,,,,,,,,,,,,,

ਵੀਰਾਂ ਦੇ ਘਰ ਪੁੱਤਰ ਜੰਮਣ, ਭੈਣਾਂ ਖੁਸ਼ੀ ਮਨਾਵਣ ।
ਮਾਮੇ ਮਾਸੜ ਚਾਚੇ ਤਾਏ, ਰਲਮਿਲ ਭੰਗੜਾ ਪਾਵਣ ॥
*ਦਾਦਾ ਦਾਦੀ ਨਾਨਾ ਨਾਨੀ ਨੇ, ਰੱਬ ਦਾ ਸ਼ੁਕਰ ਮਨਾਇਆ
ਭਾਗਾਂ/ਕਰਮਾਂ ਵਾਲਿਆਂ ਨੂੰ,,,,,,,,,,,,,,,,,,,,,,,,,,,,

ਧੂਣੀ ਲਾਈ ਵੇਹੜੇ ਦੇ ਵਿੱਚ, ਸਭ ਨੇ ਇੱਕਠੇ ਹੋ ਕੇ ।
ਸਭ ਨੂੰ ਦੇਵੀਂ ਪੁੱਤਰ ਮਾਲਕਾ, ਹਰ ਕੋਈ ਕਹੇ ਖਲੋ ਕੇ ॥
ਲੱਡੂ ਰੇਵੜੀਆਂ ਵੰਡਣ ਖੁਸ਼ੀ ਵਿੱਚ, ਮਾਲਿਕ ਦਾ ਜਸ ਗਾਇਆ,,,
ਭਾਗਾਂ/ਕਰਮਾਂ ਵਾਲਿਆਂ ਨੂੰ,,,,,,,,,,,,,,,,,,,,,,,,,,,,

ਧੀ ਹੋਵੇ ਜਾਂ ਪੁੱਤਰ ਹੋਵੇ, ਕਰੋ ਫ਼ਰਕ ਨਾ ਕੋਈ ।
ਖੁਸ਼ੀਆਂ ਦੇ ਨਾਲ ਵੰਡੋ ਲੋਹੜੀ, ਦਾਸ ਦੀ ਏਹ ਅਰਜ਼ੋਈ ॥
*ਵੀਰ ਅਮਰੇ ਨੇ ਸਭ ਨੂੰ ਗਾ ਕੇ, ਬਿਲਕੁੱਲ ਸੱਚ ਸੁਣਾਇਆ,,,
ਭਾਗਾਂ/ਕਰਮਾਂ ਵਾਲਿਆਂ ਨੂੰ,,,,,,,,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/25698/title/lohri-da-din-aaya

अपने Android मोबाइल पर BhajanGanga App डाउनलोड करें और भजनों का आनंद ले |